# DIL Walk

*from our heart to yours*

ਦਿਲ ਫੇਲ੍ਹ ਹੋਣ ਵਾਲੇ ਵਿਭਾਗ ਦੀ ਨਰਸ ਹੋਣ ਦੇ ਨਾਤੇ ਜਿਹੜੀਆਂ 2 ਮੁੱਖ ਚੁਣੌਤੀਆਂ ਮੇਰੇ ਸਾਹਮਣੇ ਆਈਆਂ ਉਹਨਾਂ ਵਿੱਚੋਂ ਇੱਕ ਹੈ ਭਾਸ਼ਾ ਦੀ ਸਮੱਸਿਆ ਜਿਸ ਕਾਰਨ ਸਮਝ ਨਾ ਆ ਸਕਣ ਵਾਲੀ ਗੱਲਬਾਤ ਦੇ ਚੱਲਦਿਆਂ ਨਰਸ ਅਤੇ ਮਰੀਜ਼ ਦੇ ਸੰਬੰਧਾਂ ਵਿੱਚ ਕੌੜ ਪੈਦਾ ਹੋ ਸਕਦੀ ਹੈ ਅਤੇ ਦੂਜੀ ਹੈ ਦਵਾਈਆਂ ਸਹੀ ਮਿਕਦਾਰ ਅਤੇ ਸਮੇਂ 'ਤੇ ਨਾ ਖਾਣੀਆਂ, ਇਸ ਕਾਰਨ ਮਰੀਜ਼ ਨੂੰ ਹਸਪਤਾਲ ਜਾਣ ਦਾ ਖ਼ਤਰਾ ਵਧ ਜਾਂਦਾ ਹੈ।

## ਭਾਸ਼ਾ ਦੀ ਸਮਸਿਆ:




ਆਪਣੇ CHARM ਕਲਿਨਿਕ 'ਤੇ ਜਿਹਨਾਂ ਮਰੀਜ਼ਾਂ ਨਾਲ ਮੇਰਾ ਵਾਹ ਪੈਂਦਾ ਹੈ ਉਹਨਾਂ ਵਿੱਚੋਂ ਵਧੇਰੇ ਸਾਊਥ ਏਸ਼ੀਅਨ ਭਾਈਚਾਰਿਆਂ ਨਾਲ ਸੰਬੰਧਿਤ ਹੁੰਦੇ ਹਨ। ਨਵੀਂ ਸਲਾਹ ਲਈ ਮੇਰੇ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਅੰਗਰੇਜ਼ੀ ਨਾ ਜਾਣਨ ਵਾਲੇ ਮਰੀਜ਼ਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਪਰਿਵਾਰ ਦਾ ਕੋਈ ਮੈਂਬਰ ਲੈ ਕੇ ਆਉਣ ਜਿਸ ਨੂੰ ਅੰਗਰੇਜ਼ੀ ਆਉਂਦੀ ਹੋਵੇ ਅਤੂ ਜਿਹੜਾ ਅਨੁਵਾਦ ਜਾਂ ਤਰਜਮਾ ਕਰਕੇ ਗੱਲ ਸਮਝਾ ਸਕਦਾ ਹੋਵੇ ਪਰ ਇਹ ਹਿਦਾਇਤਾਂ ਦੇਣ ਦੇ ਬਾਵਜੂਦ ਉਹਨਾਂ ਵਿੱਚੋਂ ਕਈ ਆਪਣੇ ਨਾਲ ਕਿਸੇ ਨੂੰ ਲੈ ਕੇ ਨਹੀਂ ਆਉਂਦੇ ਜਿਸ ਨਾਲ ਉਹਨਾਂ ਦੀ ਬਿਮਾਰੀ ਨੂੰ ਜਾਣਨਾ ਅਤੇ ਉਹਨਾਂ ਨੂੰ ਸਮਝਾ ਸਕਣਾ ਮੁਸ਼ਕਿਲ ਹੋ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਮੈਨੂੰ ਆਪਣੇ ਸਹਾਇਕ ਨੂੰ ਬੁਲਾਉਣਾ ਪੈਂਦਾ ਹੈ ਜਿਹੜਾ ਮੇਰੇ ਲਈ ਤਰਜਮਾ ਕਰਦਾ ਹੈ ਅਤੇ ਜਦੋਂ ਮਰੀਜ਼ ਘਰ ਪਹੁੰਚਦਾ ਹੈ ਤਾਂ ਸਾਨੂੰ ਘਰਦਿਆਂ ਵੱਲੋਂ ਕਾਲ ਆਉਂਦੀ ਹੈ ਕਿ ਉਹੀ ਗੱਲਾਂ ਫਿਰ ਦੱਸੋ; ਮੈਨੂੰ ਇਹ ਲੱਗਦਾ ਹੈ ਕਿ ਇਸ ਨਾਲ ਸਮਾਂ ਫਿਜ਼ੂਲ ਜਾਂਦਾ ਹੈ ਅਤੇ ਮੈਨੂੰ ਸਾਰੀਆਂ ਗੱਲਾਂ ਦੁਹਰਾਉਣੀਆਂ ਪੈਂਦੀਆਂ ਹਨ।

ਮੇਰੀ ਸਮਝ ਮੁਤਾਬਕ, ਪਰਿਵਾਰ ਦੇ ਜੀਆਂ ਨੂੰ ਸਿਖਿਅਤ ਕਰਨ ਦੀ ਲੋੜ ਹੈ ਕਿ ਜੇ ਠੀਕ ਢੰਗ ਨਾਲ ਨਾ ਨਜਿੱਠਿਆ ਜਾਵੇ ਤਾਂ ਦਿਲ ਫੇਲ੍ਹ ਹੋਣਾ ਬਹੁਤ ਗੰਭੀਰ ਗੱਲ ਹੈ। ਇਸ ਲਈ ਜਦੋਂ ਪਰਿਵਾਰ ਵਾਲਿਆਂ ਨਾਲ ਟੈਲੀਫੋਨ 'ਤੇ ਗੱਲ ਹੁੰਦੀ ਹੈ ਤਾਂ ਉਹਨਾਂ ਨੂੰ ਸਦਾ ਦੱਸਿਆ ਜਾਂਦਾ ਹੈ ਕਿ ਜਦੋਂ ਮਰੀਜ਼ ਚੈੱਕ ਅੱਪ ਲਈ ਹਸਪਤਾਲ ਜਾਂ ਕਲਿਨਿਕ ਜਾਂਦੇ ਹਨ ਤਾਂ ਮਰੀਜ਼ ਦੇ ਨਾਲ ਜ਼ਰੂਰ ਆਉ ਇਸ ਤਰ੍ਹਾਂ ਉਹ ਵੀ ਸਮਝ ਸਕਦੇ ਹਨ ਕਿ ਦਿਲ ਦੀ ਸਮੱਸਿਆ ਨੂੰ ਕਿਵੇਂ ਟਾਲਿਆ ਜਾ ਸਕਦਾ ਹੈ – (ਲੂਣ ਅਤੇ ਤੇਲ ਦੀ ਵਰਤੋਂ ਘੱਟ ਕਰਕੇ, ਚੰਗੇ ਭੋਜਨ ਦੀ ਚੋਣ ਕਰਕੇ, ਕਸਰਤ ਕਰਕੇ ਆਦਿ) ਅਤੇ ਇਹ ਵੀ ਕਿ ਕਿਸੇ ਪਿਆਰੇ ਨੂੰ ਜੇ ਦਿਲ ਫੇਲ੍ਹ ਹੋਣ ਦੀ ਸਮੱਸਿਆ ਆ ਜਾਵੇ ਤਾਂ ਕਿਵੇਂ ਉਹਨਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ।

## ਦਵਾਈਆਂ ਸਹੀ ਮਿਕਦਾਰ ਅਤੇ ਸਮੇਂ 'ਤੇ ਨਾ ਖਾਣੀਆਂ:

ਜੇ ਦਵਾਈਆਂ ਸਹੀ ਮਿਕਦਾਰ ਅਤੇ ਸਮੇਂ ਸਿਰ ਨਾ ਖਾਧੀਆਂ ਜਾਣ ਤਾਂ ਇਸ ਦਾ ਨਤੀਜਾ ਹੁੰਦਾ ਹੈ ਕਿ ਇਹਨਾਂ ਨੂੰ ਲੰਬੇ ਸਮੇਂ ਤੱਕ ਖਾਣਾ ਪੈ ਸਕਦਾ ਹੈ ਅਤੇ ਡਾਕਟਰਾਂ ਦੇ ਗੇੜੇ ਵੱਧ ਸਕਦੇ ਨੇ, ਲੈਬੋਰਟਰੀ ਟੈਸਟ ਵੱਧ ਸਕਦੇ ਹਨ, ਫਿਜ਼ੂਲ ਵਾਧੂ ਇਲਾਜ ਕਰਵਾਉਣੇ ਪੈ ਸਕਦੇ ਹਨ, ਐਸਰਜੰਸੀ ਵਾਰਡ ਦੇ ਗੇੜੇ ਲਾਉਣੇ ਪੈ ਸਕਦੇ ਹਨ ਤੇ ਹਸਪਤਾਲਾਂ ਤੇ ਕਲਿਨਿਕਾਂ ਵਿੱਚ ਦਾਖਲ ਹੋਣਾ ਪੈ ਸਕਦਾ ਹੈ। ਜੇ ਸਮੇਂ ਸਿਰ ਅਤੇ ਸਹੀ ਮਾਤਰਾ ਵਿੱਚ ਦਵਾਈਆਂ ਨਾ ਖਾਧੀਆਂ ਜਾਣ ਤਾਂ ਇਲਾਜ ਅਸਫ਼ਲ ਵੀ ਹੋ ਸਕਦਾ ਹੈ।



ਮੇਰੀ ਸਮਝ ਅਨੁਸਾਰ ਬਹੁਤੇ ਮਰੀਜ਼ ਇਹ ਸੋਚਦੇ ਹਨ ਕਿ ਉਹਨਾਂ ਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਹਨ ਤਾਂ ਇਸ ਦਾ ਮਤਲਬ ਹੈ ਕਿ ਉਹਨਾਂ ਨੂੰ ਕੋਈ ਬਿਮਾਰੀ ਨਹੀਂ ਹੈ ਜਿਵੇਂ ਉਹਨਾਂ ਨੂੰ ਸਾਹ ਨਹੀਂ ਚੜ੍ਹਦਾ ਹੈ, ਸਾਹ ਨਹੀਂ ਉੱਖੜਦਾ ਹੈ, ਸੋਜਿਸ਼ ਨਹੀਂ ਹੈ, ਤਾਕਤ ਦੀ ਕਮੀ ਨਹੀਂ ਲੱਗਦੀ ਹੈ,